NATIONAL DAIRY DEVELOPMENT BOARD

# ਮੱਝਾਂ/ ਗਾਵਾਂ ਦੀਆਂ ਮਹੱਤਵਪੂਰਨ ਬੀਮਾਰੀਆਂ ਲਈ ਪਰੰਪਰਾਗਤ ਇਲਾਜੀ ਨੁਸਕੇ

NATIONAL DAIRY DEVELOPMENT BOARD
ਮੱਝਾਂ/ ਗਾਵਾਂ ਦੀਆਂ ਮਹੱਤਵਪੂਰਨ ਬੀਮਾਰੀਆਂ ਲਈ ਪਰੰਪਰਾਗਤ ਇਲਾਜੀ ਨੁਸਕੇ
NATIONAL DAIRY DEVELOPMENT BOARD
ਮੱਝਾਂ/ ਗਾਵਾਂ ਦੀਆਂ ਮਹੱਤਵਪੂਰਨ ਬੀਮਾਰੀਆਂ ਲਈ ਪਰੰਪਰਾਗਤ ਇਲਾਜੀ ਨੁਸਕੇ

## ਜੋੜਾਂ ਦੀ ਸੋਜ




**ਸਮਗੱਰੀ:**
(a) ਘੀ-ਘੁਆਰ – 100 ਗ੍ਰਾਮ (b) ਚੂਨਾ- 10 ਗ੍ਰਾਮ (c) ਹੱਡਜੋੜ ਦਾ ਤਣਾ – 100 ਗ੍ਰਾਮ (d) ਹਲਦੀ – 15 ਗ੍ਰਾਮ
(e) ਲੱਸਣ –5 ਪੋਥੀਆ (f) ਤਿਲ ਦਾ ਤੇਲ- 1 ਲੀਟਰ

**ਵਿਧੀ:**
(a) ਸਾਰੀਆਂ ਸਮੱਗਰੀਆਂ ਨੂੰ ਪੀਸ ਕੇ ਪੇਸਟ ਬਣਾ ਲਵੋ। (b) 1 ਲੀਟਰ ਤਿਲ ਦੇ ਤੇਲ ਵਿੱਚ ਉਬਾਲੋ ਅਤੇ ਠੰਡਾ ਹੋਣ ਲਈ ਰੱਖ ਦੇਵੋ।

**ਢੰਗ/ਤਰੀਕਾ:**
(a) ਇੱਕ ਦਨਿ ਵਚਿ 4-5 ਵਾਰ ਪ੍ਰਭਾਵਤਿ ਹਸਿੇ ਤੇ ਲਾਉ।
(b) ਗਰਮ ਪਾਣੀ ਦੀ ਟਕੋਰ ਦਨਿ ਵਚਿ 2 ਵਾਰ ਦੇਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਖਾਂਸੀ




**ਸਮਗੱਰੀ:** ਇੱਕ ਦਨਿ ਲਈ
(a) ਵਾਸਾ – 1 ਪੱਤਾ
(b) ਤੁਲਸੀ – 1 ਮੁੱਠੀ ਭਰ ਕੇ
(c) ਲੱਸਣ–5 ਪੋਥੀਆਂ
(d) ਹਲਦੀ – 10 ਗ੍ਰਾਮ
(e) ਕਾਲੀ ਮਰਿਚ- 10 ਗ੍ਰਾਮ
(f) ਗੁੜ- ਜ਼ਰੂਰਤ ਅਨੁਸਾਰ

**ਵਿਧੀ:**
(a) ਮਿਰਚ ਨੂੰ 15-20 ਮਿੰਟ ਲਈ ਭਿਉ ਕੇ ਰੱਖੋ ਅਤੇ ਅਲੱਗ ਤੋ ਪੀਸੋ।
(b) ਬਾਕੀ ਸਾਰੀ ਸਮੱਗਰੀ ਨੂੰ ਪੀਸੀ ਮਿਰਚ ਵਿੱਚ ਮਿਲਾਉ ਅਤੇ ਗੁੜ ਮਿਲਾ ਕੇ ਪੇਸਟ ਬਣਾ ਲਉ।

**ਢੰਗ/ਤਰੀਕਾ:**
ਹਾਲਤ ਠੀਕ ਹੋਣ ਤੱਕ ਫੀਡ ਦਿਨ ਵਿੱਚ 2-3 ਵਾਰ ਮੂੰਹ ਰਾਹੀਂ ਦੇਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਦੁੱਧ ਵਿੱਚ ਲਹੂ ਆਉਣਾ




**ਸਮਗੱਰੀ:** ਇੱਕ ਦਿਨ ਲਈ
(a) ਕੜੀ ਪੱਤਾ –2 ਮੁੱਠੀ ਭਰ
(b) ਮੋਰਿੰਗਾ ਦੇ ਪੱਤੇ – 2 ਮੁੱਠੀ ਭਰ
(c) ਗੁੜ – 100 ਗ੍ਰਾਮ
(d) ਨਿੰਬੂ- 6

**ਵਿਧੀ:**
(a) ਕੜੀ ਤੇ ਮੋਰਿੰਗਾ ਦੇ ਪੱਤਿਆ ਨੂੰ ਗੁੜ ਦੇ ਨਾਲ ਪੀਸ ਕੇ ਪੇਸਟ ਬਣਾ ਲਵੋ।
(b) ਨਿੰਬੂ ਨੂੰ ਅੱਧ ਵਿੱਚੋ ਕੱਟ ਲਵੋ।

**ਢੰਗ/ਤਰੀਕਾ:**
(a) ਜਦੋ ਤੱਕ ਹਾਲਤ ਠੀਕ ਨਹੀ ਹੋ ਜਾਂਦੀ, ਬਣਾਈ ਗਈ ਪੇਸਟ ਨੂੰ ਇੱਕ ਦਿਨ ਵਿੱਚ ਦੋ ਵਾਰ ਖਵਾਉ।
(b) ਇੱਕ ਵਾਰ ਵਚਿ 2 ਨਬਿੂ (ਅੱਧ ਵਚਿੋਂ ਕੱਟ ਕੇ ) ਦਿਨ ਵਿੱਚ 3 ਵਾਰ 3 ਦਿਨ ਲਈ ਦੇਵੋ।

**ਨੋਟ:** ਇਸ ਦੇ ਨਾਲ- ਨਾਲ ਥਨੈਲਾ ਰੋਗ ਵਾਲਾ ਪਰੰਪਰਾਗਤ ਇਲਾਜ ਵੀ ਕਰੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਹੇਹੇ ਵਿੱਚ ਨਾ ਆਉਣਾ




**ਢੰਗ/ਤਰੀਕਾ :**
ਦਿਨ ਵਿਚ ਦੋ ਵਾਰ ਗੁੜ ਅਤੇ ਲੂਣ ਦੇ ਨਾਲ ਹੇਠ ਦਿੱਤੇ ਕ੍ਰਮ ਵਿਚ ਤਾਜ਼ੇ ਰੂਪ ਵਿਚ ਖਾਣ ਲਈ ਦਿਓ
(a) ਇੱਕ ਸਫੈਦ ਮੂਲੀ ਦਿਨ ਵਿੱਚ 2 ਵਾਰ 5 ਦਿਨ ਲਈ ਦੇਵੋ
(b) ਇੱਕ ਘੀ- ਘੁਆਰ ਦਾ ਪੂਰਾ ਪੱਤਾ ਦਿਨ ਵਿੱਚ 2 ਵਾਰ 4 ਦਿਨ ਲਈ ਦੇਵੋ
(c) 4 ਮੁੱਠੀ ਭਰ ਮੋਰਿੰਗਾ ਦੇ ਪੱਤੇ ਦਿਨ ਵਿੱਚ 2 ਵਾਰ 4 ਦਿਨ ਲਈ ਦੇਵੋ
(d) 4 ਮੁੱਠੀ ਭਰ ਹੱਡ ਜੋੜ ਦਾ ਤਣਾ ਦਿਨ ਵਿੱਚ 2 ਵਾਰ 4 ਦਿਨ ਲਈ ਦੇਵੋ
(e) 4 ਮੁੱਠੀ ਭਰ ਕੜ੍ਹੀ ਪੱਤੇ 5 ਗ੍ਰਾਮ ਹਲਦੀ ਦੇ ਨਾਲ ਦਿਨ ਵਿੱਚ 2 ਵਾਰ 4 ਦਿਨ ਲਈ ਦੇਵੋ

**ਨੋਟ:** ਇਹ ਇਲਾਜ ਸ਼ੁਰੂ ਕਰਨ ਤੋਂ 15 ਦਿਨ ਪਹਿਲਾਂ ਪਸ਼ੂ ਨੂੰ ਮਲੱਪ ਵਾਲੀ ਦਵਾਈ ਜ਼ਰੂਰ ਦਿਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਥਨੈਲਾ ਰੋਗ (ਕਿਸੇ ਵੀ ਤਰ੍ਹਾਂ ਦਾ)




**ਸਮੱਗਰੀ:** ਪਾਣੀ ਅਧਾਰਿਤ ਵਿਧੀ
(a) ਘੀ-ਘੁਆਰ-250 ਗ੍ਰਾਮ, (b) ਹਲਦੀ- 50 ਗ੍ਰਾਮ (ਗੱਠੀਆਂ ਜਾਂ ਪਾਊਡਰ),
(c) ਕੈਲਸ਼ੀਅਮ ਹਾਈਡ੍ਰੋਕਸਾਈਡ(ਚੂਨਾ)-15 ਗ੍ਰਾਮ, (d) ਨਿੰਬੂ- 6

**ਵਿਧੀ:**
ਸਮੱਗਰੀਆਂ (a-c) ਨੂੰ ਲਾਲ ਹੋਣ ਤੱਕ ਮਿਕਸੀ ਵਿੱਚ ਪੀਸੋ।
ਦੋਨੋ ਨਿੰਬੂ ਵਿਚਕਾਰ ਤੋਂ ਦੋ ਹਿੱਸਿਆਂ ਵਿੱਚੋ ਕੱਟ ਲਵੋ।

**ਢੰਗ / ਤਰੀਕਾ:**
(i) ਸਾਰੇ ਥਣਾਂ ਨੂੰ ਧੋਵੋ, ਸਾਫ ਕਰੋ ਅਤੇ ਸਾਰਾ ਦੁੱਧ ਕੱਢ ਦਵੋ (ਬੀਮਾਰੀ ਰਹਿਤ ਥਣਾਂ ਵਿੱਚੋਂ ਵੀ) ਅਤੇ ਲੇਵੇ ਨੂੰ ਚੰਗੀ ਤਰ੍ਹਾਂ ਸੁੱਕਾ ਲਵੋ। (ii) ਇੱਕ ਮੁੱਠੀ ਭਰ ਪੇਸਟ ਲਵੋ ਅਤੇ 200 ਮਿ.ਲੀ. ਪਾਣੀ ਮਿਲਾ ਕੇ ਪੇਸਟ ਨੂੰ ਪਤਲਾ ਕਰ ਲਵੋ। (iii) ਰੋਜਾਨਾ ਦਿਨ ਵਿੱਚ 10 ਵਾਰ ਪੇਸਟ ਨੂੰ ਪਾਣੀ ਵਿੱਚ ਮਿਲਾ ਕੇ 5 ਦਿਨਾਂ ਲਈ ਲਗਾਉ, ਇਸ ਨੂੰ ਲਗਾਉਣ ਤੋਂ ਪਹਿਲਾਂ ਨੰ : 1 ਵਾਲੇ ਪੁਆਇੰਟ ਦਾ ਪਾਲਣ ਕਰੋ। (iv) 2 ਨਿੰਬੂ ਇੱਕ ਵਾਰ ਵਿੱਚ (ਅੱਧ ਵਿੱਚੋਂ ਕੱਟ ਕੇ ) 3 ਵਾਰ ਦਿਨ ਵਿੱਤ 3 ਦਿਨ ਲਈ ਦਿਉ।

**ਨੋਟ:** ਉਤਰੋਕਤ ਦੇ ਨਾਲ- ਨਾਲ ਜੇਕਰ ਦੁੱਧ ਵਿੱਚ ਲਹੂ ਆਉਂਦਾ ਹੈ ਤਾਂ ਕੜ੍ਹੀ ਪੱਤੇ (2 ਮੁੱਠੀ ਭਰ) ਅਤੇ ਗੁੜ ਦੀ ਪੇਸਟ ਬਣਾਉ ਅਤੇ ਹਾਲਤ ਠੀਕ ਹੋਣ ਤੱਕ ਰੋਜਾਨਾ ਦੋ ਵਾਰ ਖਾਣ ਲਈ ਦੇਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਥਨੈਲਾ ਰੋਗ (ਕਿਸੇ ਵੀ ਤਰ੍ਹਾਂ ਦਾ)




### ਤੇਲ ਅਧਾਰਿਤ ਵਿਧੀ

**ਸਮੱਗਰੀ:** ਇੱਕ ਦਿਨ ਲਈ
(a) ਘੀ – ਘੁਆਰ (ਪੂਰਾ ਪੱਤਾ) – 250 ਗ੍ਰਾਮ (b) ਹਲਦੀ ਪਾਊਡਰ – 50 ਗ੍ਰਾਮ (c) ਚੂਨਾ – 15 ਗ੍ਰਾਮ (d) ਨਿੰਬੂ – 6 (e) ਸਰੋਂ ਜਾਂ ਤਿਲ ਦਾ ਤੇਲ – 600 ਮਿ.ਲੀ.

**ਵਿਧੀ:**
(a) ਘੀ-ਘੁਆਰ ਦੇ ਪੂਰੇ ਪੱਤੇ ਨੂੰ ਛੋਟੇ ਟੁਕੜਿਆਂ ਵਿੱਚ ਕੱਟ ਲਵੋ (ਕੰਢੇ ਲਾਉਣ ਤੋਂ ਬਾਅਦ) (b) ਘੀ-ਘੁਆਰ ਦੇ ਪੂਰੇ ਪੱਤੇ ਦੇ ਛੋਟੇ ਟੁਕੜਿਆਂ ਨੂੰ ਹਲਦੀ ਅਤੇ ਚੂਨੇ ਦੇ ਨਾਲ ਮਿਲਾ ਕੇ ਲਾਲ ਹੋਣ ਤੱਕ ਪੀਸੋ

**ਢੰਗ / ਤਰੀਕਾ:**
(a) ਸਾਰੇ ਥਣਾਂ ਨੂੰ ਧੋਵੋ, ਸਾਫ ਕਰੋ ਅਤੇ ਸਾਰਾ ਦੁੱਧ ਕੱਢ ਦਵੋ (ਬੀਮਾਰੀ ਰਹਿਤ ਥਣਾਂ ਵਿੱਚੋਂ ਵੀ) ਅਤੇ ਲੇਵੇ ਨੂੰ ਚੰਗੀ ਤਰ੍ਹਾਂ ਸੁੱਕਾ ਲਵੋ। (b) ਇੱਕ ਮੁੱਠੀ ਭਰ ਪੇਸਟ ਲਵੋ ਅਤੇ 200 ਮਿ.ਲੀ. ਸਰੋਂ ਅਤੇ ਤਿਲ ਦੇ ਤੇਲ ਵਿੱਚ ਮਿਲਾ ਕੇ ਪੇਸਟ ਨੂੰ ਪਤਲਾ ਕਰ ਲਵੋ। (c) ਰੋਜਾਨਾ ਦਿਨ ਵਿੱਚ 3 ਵਾਰ ਪੇਸਟ ਨੂੰ ਤੇਲ ਵਿੱਚ ਮਿਲਾ ਕੇ 5 ਦਿਨਾਂ ਲਈ ਲਗਾਉ, ਇਸਨੂੰ ਲਗਾਉਣ ਤੋਂ ਪਹਿਲਾਂ ਨੰ: 1 ਵਾਲੇ ਪੁਆਂਇੰਟ ਦਾ ਪਾਲਣ ਕਰੋ।(d) 2 ਨਿੰਬੂ ਇੱਕ ਵਾਰ ਵਿੱਚ (ਅੱਧ ਵਿੱਚੋਂ ਕੱਟ ਕੇ) 3 ਵਾਰ ਦਿਨ ਵਿੱਚ 3 ਦਿਨ ਲਈ ਦਿਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਸੂਣ ਤੋ ਬਾਅਦ ਉੱਠ ਨਾ ਪਾਉਣਾ




**ਸਮਗੱਰੀ:**
(a) ਦੇਸੀ ਮੁਰਗੀ ਦੇ ਅੰਡੇ –2
(b) ਮੋਰਿੰਗਾ ਦੇ ਪੱਤੇ – 4 ਮੁੱਠੀ ਭਰ
(c) ਹੱਡਜੋੜ – 4 ਮੁੱਠੀ ਭਰ
(d) ਗੁੜ- ਜ਼ਰੂਰਤ ਅਨੁਸਾਰ

**ਵਿਧੀ:**
(a) ਤਾਜੇ ਅਣਉਬਾਲੇ ਅੰਡੇ ਲਵੋ।
(b) ਮੋਰਿੰਗਾ ਅਤੇ ਹੱਡਜੋੜ ਦੇ ਪੱਤੇ ਦਾ ਅਲੱਗ-ਅਲੱਗ ਪੇਸਟ ਬਣਾਉ ਅਤੇ ਗੁੜ ਨਾਲ ਮਿਕਸ ਕਰੋ।

**ਢੰਗ/ਤਰੀਕਾ:**
(a) ਇੱਕ ਵਾਰ 2 ਅੰਡੇ (ਛਲਿਕੇ ਸਮੇਤ) ਦਨਿ ਵਚਿ ਤਨਿ ਵਾਰ ਦੇਵੋ ( ਦੇਣ ਤੋ ਪਹਲਿਾਂ ਅੰਡੇ ਦੇ ਛਲਿਕੇ ਵਚਿ ਮੋਰੀ ਬਣਾ ਲਵੋ)। (b) ਹਰ 2 ਘੰਟੇ ਬਾਅਦ, ਮੋਰਗਿਾ ਅਤੇ ਹੱਡਜੋੜ ਦੇ ਪੱਤੇ ਖਵਾਉ (ਇੱਕ ਵਾਰ ਵਚਿ 4 ਮੁੱਠੀ ਭਰ) (d) ਪਸ਼ੂ ਨੂੰ ਚੌਥੇ ਦਨਿ ਤੱਕ ਉਠਾਉਣ ਦੀ ਕੋਸ਼ਸ਼ਿ ਨਾ ਕਰੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਜ਼ਹਿਰੀਲਾਪਣ (ਕੀਟਨਾਸ਼ਕ/ਐਚ.ਸੀ.ਐਨ./ ਉੱਲੀ ਦਾ ਜ਼ਹਿਰ)




**ਸਮਗੱਰੀ:**
ਤਿੰਨ ਰਾਜੇ: ਇੱਕ ਵਾਰ ਦੇ ਮਿਸ਼ਰਣ ਲਈ
(a) ਸੁਪਾਰੀ ਦੇ ਪੱਤੇ- 10 (b) ਕਾਲੀ ਮਿਰਚ- 10 ਗ੍ਰਾਮ (c) ਕਾਲਾ ਲੂਣ- 10 ਗ੍ਰਾਮ (d) ਗੁੜ- ਜ਼ਰੂਰਤ ਅਨੁਸਾਰ
ਹੋਰ ਸਮੱਗਰੀ:
(a) ਇਮਲੀ- 1 ਕਿਲੋ (b) ਪਾਣੀ- 1 ਲੀਟਰ (c) ਮੋਰਿੰਗਾ ਦੇ 1 ਕਿਲੋਗ੍ਰਾਮ ਪੱਤਿਆਂ ਦਾ ਰਸ ਮੋਰਿੰਗਾ ਦੇ 1 ਕਿਲੋ ਗ੍ਰਾਮ ਪੱਤਿਆ ਦਾ ਰਸ

**ਵਿਧੀ:**
(a) ਸੁਪਾਰੀ ਦੇ ਪੱਤੇ, ਕਾਲੀ ਮਿਰਚ ਅਤੇ ਕਾਲੇ ਲੂਣ ਨੂੰ ਮਿਲਾ ਕੇ ਪੇਸਟ ਬਣਾਇਆ ਜਾਵੇ (b) ਪੇਸਟ ਨੂੰ ਗੁੜ ਦੇ ਨਾਲ ਮਿਲਾਇਆ ਜਾਵੇ।
ਹੋਰ ਵਿਧੀ
(a) ਇਮਲੀ ਦੇ ਗੁਦੇ ਨੂੰ 15 ਮਿੰਟ ਲਈ ਪਾਣੀ ਵਿੱਚ ਭਿਉ ਕੇ ਰੱਖੋ। (b) ਗੁਦੇ ਵਿੱਚੋ ਜੂਸ ਨੂੰ ਇੱਕਠਾ ਕੀਤਾ ਜਾਵੇ। (c) ਇਸ ਵਿੱਚ ਪਾਣੀ, ਮੋਰਿੰਗਾ ਦੇ ਪੱਤਿਆਂ ਦਾ ਰਸ ਅਤੇ ਗੁੜ ਮਿਲਾ ਕੇ ਮਿਕਸ ਕਰ ਲਵੋ।

**ਢੰਗ/ਤਰੀਕਾ:**
(a) ਤਿੰਨ ਰਾਜਿਆਂ ਵਾਲੀ ਪਹਿਲੀ ਖੁਰਾਕ ਦਵੋ। (b) 200 ਮਿਲੀਲੀਟਰ ਇਮਲੀ, ਮੋਰਿੰਗਾ ਅਤੇ ਗੁੜ ਦਾ ਗਾੜਾ ਘੋਲ ਹਰ ਦੋ ਘੰਟੇ ਬਾਅਦ ਦਿੱਤਾ ਜਾਵੇ। (c) ਇਸ ਵਿਚਕਾਰ ਤਿੰਨ ਰਾਜਿਆਂ ਵਾਲੀ ਖੁਰਾਕਾਂ ਬਣਾ ਕੇ ਦਿੱਤੀਆਂ ਜਾਵੇ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਲੰਪੀ ਚਮੜੀ ਰੋਗ

### A ਪਸ਼ੂ ਨੂੰ ਖਵਾਉਣ ਲਈ
(ਇੱਕ-ਇੱਕ ਘੰਟੇ ਦੇ ਫਰਕ ਤੇ ਵਾਰੀ-ਵਾਰੀ ਖਵਾਉ)

#### 1 ਪਹਿਲੀ ਵਿੱਧੀ

ਸਮੱਗਰੀ (ਪਹਿਲੀ ਖੁਰਾਕ ਲਈ)
ਪਾਨ ਦੇ ਪੱਤੇ – 10, ਕਾਲੀ ਮਿਰਚ – 10 ਗ੍ਰਾਮ, ਨਮਕ – 10 ਗ੍ਰਾਮ, ਗੁੜ – ਲੋੜ ਮੁਤਾਬਕ

ਬਣਾਉਣ ਦਾ ਤਰੀਕਾ
- ਉਪਰ ਲਿਖੀ ਸਮੱਗਰੀ ਨੂੰ ਮਿਕਸ ਕਰਕੇ ਪੇਸਟ ਤਿਆਰ ਕਰੋ ਅਤੇ ਫਿਰ ਗੁੜ ਮਿਲਾ ਲਵੋ
- ਖੁਰਾਕ ਥੋੜੀ-ਥੋੜੀ ਮਾਤਰਾ ਵਿੱਚ ਖਵਾਉ
- ਪਹਿਲੇ ਦਿਨ ਹਰ ਤਿੰਨ-ਤਿੰਨ ਘੰਟੇ ਬਾਅਦ ਇੱਕ ਖੁਰਾਕ ਦਿਉ (ਦਿਨ – 1)
- ਦੂਜੇ ਦਿਨ ਤੋਂ ਲੈਕੇ ਦੋ ਹਫਤੇ ਤੱਕ ਤਿੰਨ ਖੁਰਾਕਾਂ ਰੋਜ ਦਿਉ (ਦਿਨ – 2 ਤੋਂ ਅੱਗੇ)
- ਹਰੇਕ ਖੁਰਾਕ ਤਾਜੀ ਹੀ ਬਣਾਉ




#### 2 ਦੂਜੀ ਵਿੱਧੀ

ਸਮੱਗਰੀ (ਦੋ ਖੁਰਾਕਾਂ ਲਈ)
ਲੱਸਣ – 2 ਪੋਥੀਆਂ, ਧਨੀਆ – 10 ਗ੍ਰਾਮ, ਜੀਰਾ – 10 ਗ੍ਰਾਮ, ਤੁਲਸੀ – 1 ਮੁੱਠੀ, ਤੇਜ ਪੱਤੇ – 10 ਗ੍ਰਾਮ, ਕਾਲੀ ਮਿਰਚ – 10 ਗ੍ਰਾਮ, ਪਾਨ ਦੇ ਪੱਤੇ – 5, ਛੋਟਾ ਪਿਆਜ – 2 ਨਗ, ਹਲਦੀ ਪਾਊਡਰ – 10 ਗ੍ਰਾਮ, ਚਿਰਾਇਤਾ ਪੱਤੇ – 30 ਗ੍ਰਾਮ, ਮਿੱਠੀ ਤੁਲਸੀ – 1 ਮੁੱਠੀ, ਨਿੰਮ ਦੇ ਪੱਤੇ – 1 ਮੁੱਠੀ, ਬੇਲ ਦੇ ਪੱਤੇ – 1 ਮੁੱਠੀ, ਗੁੜ – 100 ਗ੍ਰਾਮ

ਬਣਾਉਣ ਦਾ ਤਰੀਕਾ
- ਉਪਰ ਲਿਖੀ ਸਮੱਗਰੀ ਨੂੰ ਮਿਕਸ ਕਰਕੇ ਪੇਸਟ ਤਿਆਰ ਕਰੋ ਅਤੇ ਫਿਰ ਗੁੜ ਮਿਲਾ ਲਵੋ
- ਖੁਰਾਕ ਥੋੜੀ-ਥੋੜੀ ਮਾਤਰਾ ਵਿੱਚ ਖਵਾਉ
- ਪਹਿਲੇ ਦਿਨ ਹਰ ਤਿੰਨ-ਤਿੰਨ ਘੰਟੇ ਬਾਅਦ ਇੱਕ ਖੁਰਾਕ ਦਿਉ (ਦਿਨ –1)
- ਦੂਜੇ ਦਿਨ ਤੋਂ ਲੈਕੇ ਦੋ ਹਫਤੇ ਤੱਕ ਤਿੰਨ ਖੁਰਾਕਾਂ ਰੋਜ ਦਿਉ (ਦਿਨ – 2 ਤੋਂ ਅੱਗੇ)
- ਹਰ ਰੋਜ ਖੁਰਾਕ ਤਾਜੀ ਹੀ ਬਣਾਉ






### B ਜ਼ਖਮ ਉਪਰ ਲਗਾਉਣ ਵਾਲੀ ਦਵਾਈ
(ਜੇਕਰ ਜ਼ਖਮ ਹਨ)

ਸਮੱਗਰੀ
ਕੁੱਪੀ ਦੇ ਪੱਤੇ – 1 ਮੁੱਠੀ, ਲੱਸਣ – 10 ਪੋਥੀਆਂ, ਨਿੰਮ ਦੇ ਪੱਤੇ – 1 ਮੁੱਠੀ, ਨਾਰਿਅਲ ਜਾਂ ਤਿਲ ਦਾ ਤੇਲ – 500 ਮਿ.ਲਿ, ਹਲਦੀ ਪਾਊਡਰ – 20 ਗ੍ਰਾਮ, ਮਹਿੰਦੀ ਦੇ ਪੱਤੇ – 1 ਮੁੱਠੀ, ਤੁਲਸੀ ਦੇ ਪੱਤੇ – 1 ਮੁੱਠੀ

ਬਣਾਉਣ ਦਾ ਤਰੀਕਾ
(i) ਸਾਰੀ ਸਮੱਗਰੀ ਨੂੰ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਵੋ (ii) 500 ਮਿ.ਲਿ ਨਾਰਿਅਲ ਜਾਂ ਤਿਲ ਦੇ ਤੇਲ ਵਿੱਚ ਮਿਕਸ ਕਰਕੇ ਉਬਾਲ ਲਵੋ

ਲਗਾਉਣ ਦਾ ਤਰੀਕਾ
ਜ਼ਖਮ ਸਾਫ ਕਰਕੇ ਇਹ ਮਿਸ਼ਰਣ ਜ਼ਖਮ ਤੇ ਸਿੱਧਾ ਲਗਾਉ

ਜੇਕਰ ਜ਼ਖਮ ਵਿੱਚ ਕੀੜੇ ਦਿੱਖਣ
ਜੇਕਰ ਜ਼ਖਮ ਵਿੱਚ ਕੀੜੇ ਦਿੱਖਣ ਤਾਂ ਪਹਿਲੇ ਦਿਨ ਨਾਰਿਅਲ ਦੇ ਤੇਲ ਵਿੱਚ ਕਪੂਰ ਮਿਲਾਕੇ ਲਗਵਾਉ ਅਤੇ ਸੀਤਾਫ਼ਲ ਦੀ ਪੱਤੀਆਂ ਦਾ ਪੇਸਟ ਬਣਾ ਕੇ ਲਗਾਉ




ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਥਣ ਦਾ ਰੁੱਕ ਜਾਣਾ




**ਸਮੱਗਰੀ:**
ਤਾਜਾ ਅਤੇ ਸਾਫ਼ ਨਿੰਮ ਦੀ ਕੁੰਭਲ- 1, ਹਲਦੀ ਪਾਊਡਰ, ਮੱਖਣ ਜਾਂ ਘਿਓ

**ਵਿਧੀ:**
(I) ਥਣ ਦੀ ਲੰਬਾਈ ਦੇ ਆਧਾਰ ਤੇ ਨਿੰਮ ਦੀ ਕੁੰਭਲ ਨੂੰ ਉਪਰਲੇ ਹਿੱਸੇ ਤੋਂ ਕੱਟ ਕੇ ਅਤੇ ਹੇਠਲੇ ਹਿੱਸੇ ਨੂੰ ਨਾਲ ਰੱਖ ਕੇ ਤਿਆਰ ਕਰੋ।
(ii) ਹਲਦੀ ਪਾਊਡਰ ਅਤੇ ਮੱਖਣ/ ਘਿਓ ਦੇ ਮਿਸ਼ਰਣ ਨੂੰ ਚੰਗੀ ਤਰ੍ਹਾਂ ਨਿੰਮ ਦੀ ਕੁੰਭਲ ਉੱਪਰ ਲੇਪ ਕਰੋ।
(iii) ਪ੍ਰਭਾਵਿਤ ਥਣ ਦੀ ਮੋਰੀ ਨੂੰ ਚੰਗੀ ਤਰ੍ਹਾਂ ਸਾਫ ਕਰੋ।

**ਢੰਗ / ਤਰੀਕਾ:**
(I) ਪ੍ਰਭਾਵਿਤ ਥਣ ਵਿਚ ਘੜੀ ਦੀ ਉਲਟੀ ਦਿਸ਼ਾ ਵਿਚ ਲੇਪ ਕੀਤੀ ਹੋਈ ਨਿੰਮ ਦੀ ਕੁੰਭਲ ਪਾਓ।
(ii) ਹਰ ਵਾਰ ਦੁੱਧ ਕੱਢਣ ਤੋਂ ਬਾਅਦ ਤਾਜ਼ੀ ਨਿੰਮ ਦੀ ਕੁੰਭਲ ਪਾਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਲੇਵੇ ਦੀ ਸੋਜ




**ਸਮੱਗਰੀ:** ਇੱਕ ਵਾਰ ਲਈ
ਤਿਲ ਜਾਂ ਸਰੋਂ ਦਾ ਤੇਲ- 200 ਮਿ.ਲੀ., ਹਲਦੀ ਪਾਊਡਰ- 1 ਮੁੱਠੀ ਭਰ, ਲੱਸਣ- 2 ਪੋਥੀਆਂ

**ਵਿਧੀ:**
(i) ਹਲਦੀ ਅਤੇ ਕੱਟਿਆ ਹੋਇਆ ਲੱਸਣ ਗਰਮ ਤੇਲ ਵਿੱਚ ਪਾਉ।
(ii) ਚੰਗੀ ਤਰ੍ਹਾਂ ਹਿਲਾਉ ਅਤੇ ਖੁਸ਼ਬੂ ਆਉਣ ਤੇ ਅੱਗ ਤੋਂ ਹਟਾ ਲਉ (ਉਬਾਲਣ ਦੀ ਲੋੜ ਨਹੀਂ)।
(iii) ਠੰਡਾ ਹੋਣ ਦਿਉ।

**ਢੰਗ / ਤਰੀਕਾ:**
(I) ਸੁੱਜੇ ਹੋਏ ਖੇਤਰ ਅਤੇ ਲੇਵੇ ਉੱਪਰ ਗੋਲਾਕਾਰ ਤਰੀਕੇ ਨਾਲ ਜੋਰ ਨਾਲ ਰਗੜੋ। (ii) ਇਸ ਤਰੀਕੇ ਨੂੰ ਦਿਨ ਵਿੱਚ 4 ਵਾਰ 3 ਦਿਨਾਂ ਲਈ ਦੁਹਰਾਉ।

**ਨੋਟ:** ਇਸ ਤਰੀਕੇ ਨੂੰ ਵਰਤਣ ਤੋਂ ਪਹਿਲਾਂ ਥਨੈਲਾ ਰੋਗ ਨੂੰ ਜਾਂਚ ਲਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।



ਇੱਥੇ ਦਰਸਾਏ ਗਏ ਆਮ ਪੌਦੇ, ਮਸਾਲੇ ਅਤੇ ਹੋਰ ਸਮੱਗਰੀ ਆਮ ਤੌਰ ਤੇ ਸੁਰੱਖਿਅਤ ਮੰਨੀਆਂ ਜਾਂਦੀਆਂ ਹਨ ਅਤੇ ਇਹਨਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ।
ਬਿਮਾਰੀ ਦੇ ਸਹੀ ਰੋਗ ਪਹਿਚਾਣ ਅਤੇ ਪ੍ਰਬੰਧਨ ਲਈ ਨੇੜਲੇ ਪਸ਼ੂਆਂ ਦੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ।
ਪ੍ਰੋਫੈਸਰ ਪੁਨਿਆਮੁੱਰਥੀ ਦੇ ਮਾਰਗਦਰਸ਼ਨ ਅਨੁਸਾਰ (profpunniya@gmail.com) ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: anand@nddb.coop
ਇੱਥੇ ਦਰਸਾਏ ਗਏ ਆਮ ਪੌਦੇ, ਮਸਾਲੇ ਅਤੇ ਹੋਰ ਸਮੱਗਰੀ ਆਮ ਤੌਰ ਤੇ ਸੁਰੱਖਿਅਤ ਮੰਨੀਆਂ ਜਾਂਦੀਆਂ ਹਨ ਅਤੇ ਇਹਨਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ।
ਬਿਮਾਰੀ ਦੇ ਸਹੀ ਰੋਗ ਪਹਿਚਾਣ ਅਤੇ ਪ੍ਰਬੰਧਨ ਲਈ ਨੇੜਲੇ ਪਸ਼ੂਆਂ ਦੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ।
ਪ੍ਰੋਫੈਸਰ ਪੁਨਿਆਮੁੱਰਥੀ ਦੇ ਮਾਰਗਦਰਸ਼ਨ ਅਨੁਸਾਰ (profpunniya@gmail.com) ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: anand@nddb.coop

NATIONAL DAIRY DEVELOPMENT BOARD

# ਮੱਝਾਂ/ ਗਾਵਾਂ ਦੀਆਂ ਮਹੱਤਵਪੂਰਨ ਬੀਮਾਰੀਆਂ ਲਈ ਪਰੰਪਰਾਗਤ ਇਲਾਜੀ ਨੁਸਕੇ

NATIONAL DAIRY DEVELOPMENT BOARD
ਮੱਝਾਂ/ ਗਾਵਾਂ ਦੀਆਂ ਮਹੱਤਵਪੂਰਨ ਬੀਮਾਰੀਆਂ ਲਈ ਪਰੰਪਰਾਗਤ ਇਲਾਜੀ ਨੁਸਕੇ
NATIONAL DAIRY DEVELOPMENT BOARD
ਮੱਝਾਂ/ ਗਾਵਾਂ ਦੀਆਂ ਮਹੱਤਵਪੂਰਨ ਬੀਮਾਰੀਆਂ ਲਈ ਪਰੰਪਰਾਗਤ ਇਲਾਜੀ ਨੁਸਕੇ

## ਜੇਰ ਦਾ ਨਾ ਪੈਣਾ




**ਸਮੱਗਰੀ:**
ਸਫੈਦ ਮੂਲੀ- 1, ਭਿੰਡੀ- 1.5 ਕਿਲੋ ਗ੍ਰਾਮ, ਗੁੜ- ਜ਼ਰੂਰਤ ਅਨੁਸਾਰ, ਲੂਣ (ਨਮਕ)- ਜ਼ਰੂਰਤ ਅਨੁਸਾਰ

**ਵਿਧੀ:**
(I) ਹਰ ਇੱਕ ਭਿੰਡੀ ਨੂੰ 2 ਟੁੱਕੜਿਆਂ ਵਿੱਚ ਕੱਟੋ

**ਢੰਗ / ਤਰੀਕਾ:**
(i) 1 ਪੂਰੀ ਮੂਲੀ ਸੂਣ ਦੇ 2 ਘੰਟਿਆਂ ਦੇ ਅੰਦਰ- ਅੰਦਰ ਖਾਣ ਨੂੰ ਦੇਵੋ।
(ii) ਜੇਕਰ ਜੇਰ ਸੂਣ ਤੋਂ 8 ਘੰਟੇ ਦੇ ਅੰਦਰ ਨਾ ਪਵੇ ਤਾਂ 1.5 ਕਿਲੋ ਤਾਜੀ ਭਿੰਡੀ ਗੁੜ ਅਤੇ ਲੂਣ ਨਾਲ ਦੇਵੋ।
(iii) ਜੇਕਰ ਫਿਰ ਵੀ ਜੇਰ ਸੂਣ ਤੋਂ 12 ਘੰਟੇ ਦੇ ਅੰਦਰ ਨਾ ਪਵੇ ਤਾਂ ਜੇਰ ਦੀ ਜੜ੍ਹ ਵਿੱਚ ਗੰਢ ਮਾਰੋ ਅਤੇ ਗੰਢ ਤੋਂ 2 ਇੰਚ ਹੇਠਾਂ ਕੱਟ ਕੇ ਛੱਡ ਦੇਵੋ। ਗੰਢ ਆਪਣੇ ਆਪ ਅੰਦਰ ਚਲੀ ਜਾਵੇਗੀ।
(iv) ਜੇਕਰ ਜੇਰ ਆਪਣੇ ਆਪ ਨਹੀਂ ਪੈਂਦੀ ਤਾਂ ਉਸ ਨੂੰ ਹੱਥ ਨਾਲ ਕੱਢਣ ਦੀ ਕੋਸ਼ਿਸ਼ ਨਾ ਕਰੋ।
(v) 1 ਮੂਲੀ ਹਫ਼ਤੇ ਵਿੱਚ ਇੱਕ ਵਾਰ 4 ਹਫ਼ਤਿਆਂ ਲਈ ਦੇਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਵਾਰ- ਵਾਰ ਫਿਰਨਾ




**ਢੰਗ / ਤਰੀਕਾ:**
(i)ਗਰਮੀ ਦੇ ਪਹਿਲੇ ਅਤੇ ਦੂਜੇ ਦਿਨ ਹੀ ਇਲਾਜ ਸ਼ੁਰੂ ਕਰੋ।
(ii)ਗੁੜ ਅਤੇ ਨਮਕ ਦੇ ਨਾਲ ਦਿਨ ਵਿੱਚ ਇੱਕ ਵਾਰ ਹੇਠ ਲਿਖੇ ਅਨੁਸਾਰ ਮੂੰਹ ਰਾਹੀਂ ਤਾਜਾ ਰੂਪ ਵਿੱਚ ਦਿਉ।
(a) 5 ਦਿਨ ਲਈ 1 ਸਫੈਦ ਮੂਲੀ ਰੋਜ਼ਾਨਾ ਦੇਵੋ।
(b) 4 ਦਿਨ ਲਈ 1 ਘੀ-ਘੁਆਰ ਦਾ ਪੱਤਾ ਰੋਜ਼ਾਨਾ ਦੇਵੋ।
(c) 4 ਦਿਨਾਂ ਲਈ 4 ਮੁੱਠੀ ਭਰ ਮੋਰਿੰਗਾ ਦੇ ਪੱਤੇ ਦੇਵੋ।
(d) 4 ਦਿਨਾਂ ਲਈ 4 ਮੁੱਠੀ ਭਰ ਹੱਡ-ਜੋੜ ਦੇਵੋ।
(e) 4 ਦਿਨਾਂ ਲਈ 4 ਮੁੱਠੀ ਭਰ ਕੜ੍ਹੀ- ਪੱਤਾ 5 ਗ੍ਰਾਮ ਹਲਦੀ ਦੇ ਨਾਲ ਦੇਵੋ।
(f) ਇਲਾਜ ਨੂੰ ਫਿਰ ਤੋਂ ਦੁਹਰਾਉ ਜੇਕਰ ਜਾਨਵਰ ਗਰਭਵਤੀ ਨਹੀਂ ਹੋਇਆ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਮੂੰਹ ਖੁਰ ਦੇ ਪੈਰਾਂ ਦੇਜ਼ਖ਼ਮ




**ਸਮੱਗਰੀ:**
ਸ਼ੰਕ-ਪੁਸ਼ਪੀ- 1 ਮੁੱਠੀ ਭਰ, ਲੱਸਣ- 10 ਪੋਥੀਆਂ, ਨੀਮ ਦੇ ਪੱਤੇ- 1 ਮੁੱਠੀ ਭਰ, ਨਾਰੀਅਲ ਜਾਂ ਤਿਲ ਦਾ ਤੇਲ- 500 ਮਿ.ਲੀ., ਹਲਦੀ ਪਾਊਡਰ- 20 ਗ੍ਰਾਮ, ਮਹਿੰਦੀ ਦੇ ਪੱਤੇ- 1 ਮੁੱਠੀ ਭਰ, ਤੁਲਸੀ ਦੇ ਪੱਤੇ- 1 ਮੁੱਠੀ ਭਰ

**ਵਿਧੀ:**
(i) ਸਾਰੀਆਂ ਸਮੱਗਰੀਆਂ ਨੂੰ ਚੰਗੀ ਤਰਾਂ ਪੀਸੋ।
(ii) 500 ਮਿ.ਲੀ. ਨਾਰੀਅਲ ਜਾਂ ਤਿਲ ਦੇ ਤੇਲ ਨਾਲ ਮਿਲਾਓ ਅਤੇ ਉਬਾਲੋ ਅਤੇ ਠੰਢਾ ਹੋਣ ਦਿਉ।

**ਢੰਗ / ਤਰੀਕਾ:**
(i)ਜ਼ਖਮ ਨੂੰ ਸਾਫ਼ ਕਰੋ ਅਤੇ ਦਵਾਈ ਨੂੰ ਸਿੱਧਾ ਜਾਂ ਕੱਪੜੇ ਦੀ ਮਦਦ ਨਾਲ ਲਗਾਉ।
(ii) ਜੇਕਰ ਕੀੜੇ ਮਜੂਦ ਹਨ ਤਾਂ ਸੀਤਾ ਫਲ ਦੇ ਪੱਤਿਆ ਦਾ ਪੇਸਟ ਜਾਂ ਕਪੂਰ ਮਿਲੀਆਂ ਹੋਇਆ ਨਾਰੀਅਲ ਦਾ ਤੇਲ ਪਹਿਲੇ ਦਿਨ ਲਗਾਉ

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਬੁਖ਼ਾਰ




**ਸਮੱਗਰੀ:** ਇੱਕ ਦਿਨ ਲਈ
ਲੱਸਣ- 2 ਪੋਥੀਆਂ, ਧਨੀਆ- 10 ਗ੍ਰਾਮ, ਜੀਰਾ- 10 ਗ੍ਰਾਮ, ਤੁਲਸੀ- 1 ਮੁੱਠੀ ਭਰ, ਦਾਲਚੀਨੀ ਦੇ ਸੁੱਕੇ ਪੱਤੇ- 10 ਗ੍ਰਾਮ, ਕਾਲੀ ਮਿਰਚ- 10 ਗ੍ਰਾਮ, ਸੁਪਾਰੀ ਦੇ ਪੱਤੇ- 5, ਛੋਟੇ ਪਿਆਜ਼- 2, ਹਲਦੀ ਪਾਊਡਰ- 10 ਗ੍ਰਾਮ, ਚਿਰਾਅਤਾ (ਨੇਪਾਲੀ ਨਿੰਮ) ਦੇ ਪੱਤਿਆਂ ਦਾ ਚੂਰਾ- 20 ਗ੍ਰਾਮ, ਤੁਲਸੀ- 1 ਮੁੱਠੀ ਭਰ, ਨਿੰਮ ਦੇ ਪੱਤੇ- 1 ਮੁੱਠੀ ਭਰ, ਗੁੜ- 100 ਗ੍ਰਾਮ

**ਵਿਧੀ:**
(i) ਜੀਰਾ, ਮਿਰਚ ਅਤੇ ਧਨੀਆ ਦੇ ਬੀਜਾਂ ਨੂੰ 15 ਮਿੰਟ ਲਈ ਪਾਣੀ ਵਿੱਚ ਭਿਉ ਕੇ ਰੱਖੋ।
(ii) ਪੇਸਟ ਬਣਾਉਣ ਲਈ ਸਾਰੀ ਸਮੱਗਰੀ ਨੂੰ ਮਿਲਾਉ ਅਤੇ ਪੀਸੋ।

**ਢੰਗ / ਤਰੀਕਾ:**
(i) ਛੋਟੇ ਭਾਗਾਂ ਵਿੱਚ ਸਵੇਰੇ-ਸ਼ਾਮ ਲਗਾਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਪਰਜੀਵੀ




**ਸਮੱਗਰੀ:** ਇੱਕ ਦਿਨ ਲਈ
ਪਿਆਜ਼- 1, ਲੱਸਣ- 5 ਪੋਥੀਆਂ, ਸਰੋਂ ਦੇ ਬੀਜ- 10 ਗ੍ਰਾਮ, ਨਿੰਮ ਦੇ ਪੱਤੇ- 1 ਮੁੱਠੀ ਭਰ, ਜੀਰਾ- 10 ਗ੍ਰਾਮ, ਕਰੇਲਾ- 50 ਗ੍ਰਾਮ, ਹਲਦੀ- 5 ਗ੍ਰਾਮ, ਕਾਲੀ ਮਿਰਚ- 5 ਗ੍ਰਾਮ, ਕੇਲੇ ਦਾ ਤਣਾ- 100 ਗ੍ਰਾਮ, ਦਰੋਨਾਪੁਸ਼ਪੀ- 1 ਮੁੱਠੀ ਭਰ, ਗੁੜ- 100 ਗ੍ਰਾਮ

**ਵਿਧੀ:**
(i) ਕਾਲੀ ਮਿਰਚ, ਜੀਰਾ ਅਤੇ ਸਰੋਂ ਦੇ ਬੀਜਾਂ ਨੂੰ 30 ਮਿੰਟ ਲਈ ਪਾਣੀ ਵਿੱਚ ਭਿਉ ਕੇ ਰੱਖੋ।
(ii) ਇਸ ਘੋਲ ਨੂੰ ਬਾਕੀ ਬਚੀ ਸਮੱਗਰੀ ਨਾਲ ਪੇਸਟ ਬਣਾਉਣ ਤੱਕ ਘੋਟੋ।

**ਢੰਗ / ਤਰੀਕਾ:**
(i)ਪੇਸਟ ਦੇ ਛੋਟੇ- ਛੋਟੇ ਪੇੜੇ ਬਣਾ ਲਵੋ।
(ii)ਇਨ੍ਹਾਂ ਪੇੜੇਆਂ ਨੂੰ ਨਮਕ ਦੇ ਨਾਲ 3 ਦਿਨਾਂ ਲਈ ਦਿਨ ਵਿੱਚ ਇੱਕ ਵਾਰ ਦੇਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਚਿੱਚੜ/ ਬਾਹਰੀ ਕੀੜੇ




**ਸਮੱਗਰੀ:**
ਲੱਸਣ-10 ਪੋਥੀਆਂ, ਨਿੰਮ ਦੇ ਪੱਤੇ- 1 ਮੁੱਠੀ ਭਰ, ਨਮੋਲੀਆਂ- 1 ਮੁੱਠੀ ਭਰ, ਵੱਚ ਦੀਆਂ ਜੜ੍ਹਾਂ- 10 ਗ੍ਰਾਮ, ਹਲਦੀ ਪਾਊਡਰ- 20 ਗ੍ਰਾਮ, ਲੈਨਟੈਨਾ ਦੇ ਪੱਤੇ- 1 ਮੁੱਠੀ ਭਰ, ਤੁਲਸੀ ਦੇ ਪੱਤੇ- 1 ਮੁੱਠੀ ਭਰ

**ਵਿਧੀ:**
(I) ਸਾਰੀਆਂ ਸਮੱਗਰੀਆਂ ਨੂੰ ਪੀਸੋ। (ii)ਇਕ ਲੀਟਰ ਸਾਫ਼ ਪਾਣੀ ਪਾਓ। (iii)ਬਰੀਕ ਛਾਨਣੀ ਜਾਂ ਮਲਮਲ ਦੇ ਕੱਪੜੇ ਵਿੱਚ ਪੁਣੋ। (iv)ਸਪਰੇਅ ਵਾਲੀ ਬੋਤਲ ਵਿੱਚ ਪਾ ਦਿਉ।

**ਢੰਗ / ਤਰੀਕਾ:**
(i)ਜਾਨਵਰ ਦੇ ਪੂਰੇ ਸਰੀਰ 'ਤੇ ਛਿੜਕਾਵ ਕਰੋ। (ii)ਪਸ਼ੂ ਸ਼ੈਡ ਵਿੱਚ ਆਈਆਂ ਤਰੇੜਾਂ ਅਤੇ ਦਰਾਰਾਂ ਵਿੱਚ ਵੀ ਛਿੜਕਾਵ ਕਰੋ। (iii) ਇਸ ਘੋਲ ਵਿੱਚ ਕੱਪੜੇ ਨੂੰ ਡਬੋ ਕੇ ਵੀ ਲਗਾਇਆ ਜਾ ਸਕਦਾ ਹੈ। (iv) ਜਦੋਂ ਤੱਕ ਹਾਲਤ ਠੀਕ ਨਹੀਂ ਹੋ ਜਾਂਦੀ ਇਸ ਤਰੀਕੇ ਨੂੰ ਹਫ਼ਤੇ ਵਿੱਚ ਇੱਕ ਵਾਰ ਦੁਹਰਾਉ। (v) ਇਸ ਘੋਲ ਨੂੰ ਧੁੱਪ ਵਿੱਚ ਹੀ ਲਗਾਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਪਿੱਛਾ ਵਿਖਾਉਣਾ




**ਸਮੱਗਰੀ:** ਇੱਕ ਵਾਰ ਲਈ
ਘੀ-ਘੁਆਰ ਦਾ ਗੁੱਦਾ- ਇੱਕ ਪੂਰੇ- ਪੱਤੇ ਵਿੱਚੋ, ਹਲਦੀ ਪਾਊਡਰ- ਇੱਕ ਚੁਟਕੀ, ਛੂਈ-ਮੂਈ ਦੇ ਪੱਤੇ- 2 ਮੁੱਠੀ ਭਰ

**ਵਿਧੀ:**
(i)ਘੀ-ਘੁਆਰ ਦੇ ਪੂਰੇ ਪੱਤੇ ਵਿੱਚੋ ਗੁੱਦਾ ਕੱਢ ਲਵੋ।
(ii) ਘੀ-ਘੁਆਰ ਦੇ ਗੁੱਦੇ ਨੂੰ ਉਦੋਂ ਤੱਕ ਧੋਵੋ ਜਦੋਂ ਤੱਕ ਉਸਦਾ ਚਿਪਚਿਪਾਪਣ ਦੂਰ ਨਹੀਂ ਹੋ ਜਾਂਦਾ।
(iii) ਇਸ ਵਿੱਚ ਇੱਕ ਚੁਟਕੀ ਹਲਦੀ ਪਾਉ ਅਤੇ ਇਸ ਨੂੰ ਅੱਧਾ ਹੋਣ ਤੱਕ ਉਬਾਲੋ ਅਤੇ ਠੰਡਾ ਹੋਣ ਲਈ ਰੱਖ ਦੇਵੋ।
(iv) ਛੂਈ-ਮੂਈ ਦੇ ਪੱਤਿਆਂ ਦੀ ਪੇਸਟ ਬਣਾ ਲਉ।

**ਢੰਗ / ਤਰੀਕਾ:**
(i) ਪਸ਼ੂ ਦੇ ਬਾਹਰ ਆਏ ਪਿੱਛੇ ਨੂੰ ਸਾਫ਼ ਕਰ ਲਉ।
(ii) ਬਾਹਰ ਆਏ ਹਿੱਸੇ ਉੱਪਰ ਘੀ-ਘੁਆਰ ਦੇ ਗੁੱਦੇ ਦਾ ਛਿੜਕਾਅ ਕਰੋ।
(iii)ਜਦੋਂ ਘੀ-ਘੁਆਰ ਦਾ ਗੁੱਦਾ ਸੁੱਕ ਜਾਵੇ ਤਾਂ ਇਸ ਉੱਪਰ ਛੂਈ- ਮੂਈ ਦੇ ਪੱਤਿਆਂ ਦਾ ਲੇਪ ਲਗਾਉ।
(iv) ਫਰਕ ਪੈਣ ਤੱਕ ਵਾਰ- ਵਾਰ ਲਗਾਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਮੂੰਹ ਖੁਰ ਦੇ ਮੂੰਹ ਦੇ ਜ਼ਖ਼ਮ




**ਸਮੱਗਰੀ:** ਇੱਕ ਵਾਰ ਦੇ ਮਿਸ਼ਰਣ ਲਈ
ਜੀਰੇ ਦੇ ਬੀਜ- 10 ਗ੍ਰਾਮ, ਮੇਥੀ ਦੇ ਬੀਜ- 10 ਗ੍ਰਾਮ, ਕਾਲੀ ਮਿਰਚ- 10 ਗ੍ਰਾਮ, ਹਲਦੀ ਪਾਊਡਰ- 10 ਗ੍ਰਾਮ, ਲੱਸਣ- 4 ਪੋਥੀਆਂ, ਨਾਰੀਅਲ- 1, ਗੁੜ- 120 ਗ੍ਰਾਮ

**ਵਿਧੀ:**
(I) ਜੀਰਾ, ਮੇਥੀ ਅਤੇ ਕਾਲੀ ਮਿਰਚ ਨੂੰ 20-30 ਮਿੰਟ ਲਈ ਪਾਣੀ ਵਿੱਚ ਭਿਉ ਕੇ ਰੱਖੋ।
(ii) ਸਾਰੀਆਂ ਸਮੱਗਰੀਆਂ ਨੂੰ ਬਰੀਕ ਹੋਣ ਤੱਕ ਪੀਸੋ।
(iii)1 ਪੂਰਾ ਕੱਦੂ-ਕੱਸ ਕੀਤਾ ਹੋਇਆ ਨਾਰੀਅਲ ਲੇਪ ਵਿੱਚ ਹੱਥ ਨਾਲ ਮਿਲਾਉ।
(iv) ਹਰ ਵਾਰ ਤਾਜਾ ਮਿਸ਼ਰਣ ਬਣਾਉ।

**ਢੰਗ / ਤਰੀਕਾ:**
(I) ਮੂੰਹ ਦੇ ਅੰਦਰਲੇ ਹਿੱਸੇ, ਜੀਭ ਅਤੇ ਤਾਲੂਏ ਉੱਤੇ ਲੇਪ ਨੂੰ ਲਗਾਉ।
(ii) ਇਸ ਵਿਧੀ ਨੂੰ ਦਿਨ ਵਿੱਚ ਤਿੰਨ ਵਾਰ 3-5 ਦਿਨ ਲਈ ਦਿਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਮੋਕ




**ਸਮੱਗਰੀ:** ਇੱਕ ਦਿਨ ਲਈ
ਮੇਥੀ ਦੇ ਬੀਜ਼- 10 ਗ੍ਰਾਮ, ਪਿਆਜ਼- 1, ਲੱਸਣ- 1 ਪੋਥੀ, ਜੀਰੇ ਦੇ ਬੀਜ਼- 10 ਗ੍ਰਾਮ, ਹਲਦੀ- 10 ਗ੍ਰਾਮ, ਕੜੀ ਪੱਤੇ- 1 ਮੁੱਠੀ ਭਰ, ਖਸ-ਖਸ ਦੇ ਬੀਜ਼ - 5 ਗ੍ਰਾਮ, ਕਾਲੀ ਮਿਰਚ- 10 ਗ੍ਰਾਮ, ਗੁੜ- 100 ਗ੍ਰਾਮ, ਹਿੰਗ- 5 ਗ੍ਰਾਮ

**ਵਿਧੀ:**
(i)ਜੀਰੇ ਦੇ ਬੀਜ਼, ਹਿੰਗ, ਖਸ-ਖਸ ਦੇ ਬੀਜ ਅਤੇ ਮੇਥੀ ਦੇ ਬੀਜ਼ ਨੂੰ ਧੂੰਆਂ ਨਿਕਲਣ ਤੱਕ ਭੁੰਨੋ।
(ii) ਭੁੰਨੇ ਹੋਏ ਬੀਜਾਂ ਨੂੰ ਠੰਡਾ ਹੋਣ ਤੋਂ ਬਾਅਦ ਪੀਸ ਲਵੋ।
(iii) ਇਸ ਨੂੰ ਬਾਕੀ ਬਚੀ ਸਮੱਗਰੀ ਨਾਲ ਪੇਸਟ ਬਣਾਉਣ ਤੱਕ ਘੋਟੋ।

**ਢੰਗ / ਤਰੀਕਾ:**
(i) ਪੇਸਟ ਦੇ ਛੋਟੇ- ਛੋਟੇ ਪੇੜੇ ਬਣਾ ਲਵੋ।
(ii) ਜਦੋਂ ਤੱਕ ਹਾਲਤ ਠੀਕ ਨਹੀਂ ਹੋ ਜਾਂਦੀ ਇਨ੍ਹਾਂ ਪੇੜੇਆਂ ਨੂੰ 1-3 ਦਿਨ ਲਈ ਦਿਨ ਵਿੱਚ 1 ਵਾਰ ਦੇਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਅਫਾਰਾ ਅਤੇ ਬਦਹਜ਼ਮੀ




**ਸਮੱਗਰੀ:** ਇੱਕ ਦਿਨ ਲਈ
ਪਿਆਜ਼- 100 ਗ੍ਰਾਮ, ਲੱਸਣ- 10 ਪੋਥੀਆਂ, ਸੁੱਕੀ ਮਿਰਚ- 2, ਜੀਰੇ ਦੇ ਬੀਜ- 10 ਗ੍ਰਾਮ, ਹਲਦੀ- 10 ਗ੍ਰਾਮ, ਗੁੜ- 100 ਗ੍ਰਾਮ, ਕਾਲੀ ਮਿਰਚ- 10 ਗ੍ਰਾਮ, ਸੁਪਾਰੀ ਦੇ ਪੱਤੇ- 10, ਅਦਰਕ- 100 ਗ੍ਰਾਮ

**ਵਿਧੀ:**
(I) ਕਾਲੀ ਮਿਰਚ ਅਤੇ ਜੀਰੇ ਦੇ ਬੀਜਾਂ ਨੂੰ 30 ਮਿੰਟ ਲਈ ਪਾਣੀ ਵਿੱਚ ਭਿਉ ਕੇ ਰੱਖੋ।
(ii)ਇਸ ਘੋਲ ਨੂੰ ਬਾਕੀ ਬਚੀ ਸਮੱਗਰੀ ਨਾਲ ਪੇਸਟ ਬਣਾਉਣ ਤੱਕ ਪਿੱਸੋ।

**ਢੰਗ / ਤਰੀਕਾ:**
(I) ਪੇਸਟ ਦੇ ਛੋਟੇ- ਛੋਟੇ ਪੇੜੇ ਬਣਾ ਲਵੋ।
(ii) ਇਨ੍ਹਾਂ ਪੇੜੇਆਂ ਨੂੰ ਨਮਕ ਦੇ ਨਾਲ 3 ਦਿਨਾਂ ਦੇ ਲਈ ਦਿਨ ਵਿੱਚ 3-4 ਵਾਰ ਦੇਵੋ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਮੌਹਕੇ/ ਮੱਸੇ/ ਤਰੇੜਾਂ ਫੱਟਣਾ




**ਸਮੱਗਰੀ:** ਇੱਕ ਵਾਰ ਲਈ
ਲੱਸਣ- 5 ਪੋਥੀਆਂ, ਹਲਦੀ ਪਾਊਡਰ- 10 ਗ੍ਰਾਮ, ਜੀਰੇ ਦੇ ਬੀਜ- 15 ਗ੍ਰਾਮ, ਮਿੱਠੀ ਤੁਲਸੀ - 1 ਮੁੱਠੀ ਭਰ, ਨਿੰਮ ਦੇ ਪੱਤੇ- 1 ਮੁੱਠੀ ਭਰ, ਮੱਖਣ ਜਾਂ ਘਿਓ- 50 ਗ੍ਰਾਮ (ਮੱਖਣ ਨੂੰ ਪਹਿਲ ਦਿੱਤੀ ਜਾਵੇ)

**ਵਿਧੀ:**
(I) ਜੀਰੇ ਨੂੰ 15 ਮਿੰਟ ਲਈ ਪਾਣੀ ਵਿੱਚ ਭਿਉ ਕੇ ਰੱਖੋ।
(ii) ਸਾਰੀਆਂ ਸਮੱਗਰੀਆਂ ਨੂੰ ਬਰੀਕ ਹੋਣ ਤੱਕ ਪੀਸੋ।
(iii) ਮੱਖਣ ਪਾਉ ਅਤੇ ਚੰਗੀ ਤਰ੍ਹਾਂ ਹਿਲਾਉ।

**ਢੰਗ / ਤਰੀਕਾ:**
(I) ਹਾਲਤ ਠੀਕ ਹੋਣ ਤੱਕ ਪ੍ਰਭਾਵਿਤ ਹਿੱਸੇ ਉੱਤੇ ਜਿੰਨੀ ਵਾਰ ਹੋ ਸਕੇ ਲਗਾਉਂਦੇ ਰਹੋ।
(ii) ਚਮੜੀ ਨੂੰ ਸੁਕਣ ਤੋਂ ਬਾਅਦ ਲੇਪ ਲਗਾਉ।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

## ਅਲਰਜੀ/ਜ਼ਹਰਿਵਾਦ/ਜਹਰਿਲਾ ਡੰਗ




**ਸਮਗੱਰੀ:** ਇੱਕ ਵਾਰ ਦੇ ਮਸ਼ਿਰਣ ਲਈ
(ਤਾਮਲਿ ਪਰੰਪਰਾਗਤ ਸਧਿਾ ਲੋਰ ਦੇ ਤਨਿ ਰਾਜੇ)
(a) ਸੁਪਾਰੀ ਦੇ ਪੱਤੇ – 10 ਪੱਤੇ (b) ਕਾਲੀ ਮਿਰਚ – 10 ਗ੍ਰਾਮ
(c) ਦੇਸੀ ਲੂਣ – 10 ਗ੍ਰਾਮ (d) ਗੁੜ- ਜ਼ਰੂਰਤ ਅਨੁਸਾਰ

**ਵਿਧੀ**
(a) ਸਮਗੱਰੀ ਨੂੰ ਇੱਕਸਾਰ ਮਿਕਸ ਕਰਕੇ ਪੇਸਟ ਦੇ ਰੂਪ ਵਿੱਚ ਤਿਆਰ ਕਰੋ (b) ਪੇਸਟ ਨੂੰ ਗੁੜ ਨਾਲ ਮਿਕਸ ਕਰੋ

**ਢੰਗ/ਤਰੀਕਾ**
(a) ਥੋੜੀ–ਥੋੜੀ ਮਾਤਰਾ ਵਿੱਚ ਦੇਣਾ ਸ਼ੁਰੂ ਕਰੋ
(b) ਰੋਜ਼ਾਨਾ 3 ਖੁਰਾਕਾਂ 2 ਹਫਤਆਿਂ ਲਈ ਦੇਵੋ।

**ਨੋਟ:** ਜ਼ਿਆਦਾ ਗੰਭੀਰ ਸਥਿਤੀ ਵਿੱਚ 2-3 ਬੂੰਦਾਂ ਅੱਖ ਵਿੱਚ ਹਰ 2 ਘੰਟੇ ਬਾਅਦ ਪਾਓ (ਗੁੜ ਤੋਂ ਬਿਨਾਂ)।

ਯੂ-ਟਿਊਬ ਤੇ ਵੀਡਿਉ ਨੂੰ ਦੇਖਣ ਲਈ ਇਸ ਕਊਆਰ (QR) ਕੋਡ ਨੂੰ ਸਕੈਨ ਕਰੋ।

ਇੱਥੇ ਦਰਸਾਏ ਗਏ ਆਮ ਪੌਦੇ, ਮਸਾਲੇ ਅਤੇ ਹੋਰ ਸਮੱਗਰੀ ਆਮ ਤੌਰ ਤੇ ਸੁਰੱਖਿਅਤ ਮੰਨੀਆਂ ਜਾਂਦੀਆਂ ਹਨ ਅਤੇ ਇਹਨਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ।
ਬਿਮਾਰੀ ਦੇ ਸਹੀ ਰੋਗ ਪਹਿਚਾਣ ਅਤੇ ਪ੍ਰਬੰਧਨ ਲਈ ਨੇੜਲੇ ਪਸ਼ੂਆਂ ਦੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ।
ਪ੍ਰੋਫੈਸਰ ਪੁਨਿਆਮੁੱਰਥੀ ਦੇ ਮਾਰਗਦਰਸ਼ਨ ਅਨੁਸਾਰ (profpunniya@gmail.com) ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: anand@nddb.coop

ਇੱਥੇ ਦਰਸਾਏ ਗਏ ਆਮ ਪੌਦੇ, ਮਸਾਲੇ ਅਤੇ ਹੋਰ ਸਮੱਗਰੀ ਆਮ ਤੌਰ ਤੇ ਸੁਰੱਖਿਅਤ ਮੰਨੀਆਂ ਜਾਂਦੀਆਂ ਹਨ ਅਤੇ ਇਹਨਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ।
ਬਿਮਾਰੀ ਦੇ ਸਹੀ ਰੋਗ ਪਹਿਚਾਣ ਅਤੇ ਪ੍ਰਬੰਧਨ ਲਈ ਨੇੜਲੇ ਪਸ਼ੂਆਂ ਦੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ।
ਪ੍ਰੋਫੈਸਰ ਪੁਨਿਆਮੁੱਰਥੀ ਦੇ ਮਾਰਗਦਰਸ਼ਨ ਅਨੁਸਾਰ (profpunniya@gmail.com) ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: anand@nddb.coop
ਇੱਥੇ ਦਰਸਾਏ ਗਏ ਆਮ ਪੌਦੇ, ਮਸਾਲੇ ਅਤੇ ਹੋਰ ਸਮੱਗਰੀ ਆਮ ਤੌਰ ਤੇ ਸੁਰੱਖਿਅਤ ਮੰਨੀਆਂ ਜਾਂਦੀਆਂ ਹਨ ਅਤੇ ਇਹਨਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ।
ਬਿਮਾਰੀ ਦੇ ਸਹੀ ਰੋਗ ਪਹਿਚਾਣ ਅਤੇ ਪ੍ਰਬੰਧਨ ਲਈ ਨੇੜਲੇ ਪਸ਼ੂਆਂ ਦੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ।
ਪ੍ਰੋਫੈਸਰ ਪੁਨਿਆਮੁੱਰਥੀ ਦੇ ਮਾਰਗਦਰਸ਼ਨ ਅਨੁਸਾਰ (profpunniya@gmail.com) ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: anand@nddb.coop